Volume 7 Issue 1

# KHALSA PRIMARY SCHOOL

Headteacher: Ms P. K. Sehmi

## Week beginning: 07 September 2015

### Welcome to the new school year!

I am pleased to say that the Autumn Term has started off really well. We have opened 2 new classrooms and now have Year 6 pupils at our school. We now have 472 children on roll at Khalsa Primary. We would like to welcome all the new staff and children who recently joined our school.

### Classes for this year

| | | |
|---|---|---|
| **Nursery** | Mrs M Dhiri (Teacher) | Mrs R Gandhi & Mrs S Singh (NN) |
| **Reception** | Miss J Panesar (Teacher) | Mrs J Sandhu (NN) |
| **Reception** | Miss P Harrid (Teacher) | Mrs B Samra (NN) |
| **Year 1** | Ms A Adhikari (Teacher) | Mrs A Shah (TA) |
| **Year 1** | Miss M Kamboj | Mrs R R Sipal (TA) |
| **Year 2** | Miss S Gill (Teacher) | Mrs D Sethi (TA) |
| **Year 2** | Mr S Formella (Teacher) | Mrs S Mutto (TA) |
| **Year 3** | Mrs P Kaur (Teacher) | Mrs A Shetty (TA) |
| **Year 3** | Miss N Kerr (Teacher) | Mrs L Dhatt (TA) |
| **Year 4** | Ms S Patel (Teacher) | Mrs M Singh (TA) |
| **Year 4** | Miss K Julta (Teacher) | Mrs M Singh (TA) |
| **Year 5** | Mr A Wells (Teacher) | Mrs J Rose (LSA) |
| **Year 5** | Miss J Badhan (Teacher) | Miss S Sidhu (TA) |
| **Year 6** | Mrs R Sidhu (Teacher) | Miss S Ladha (TA) |
| **Year 6** | Mrs S Jatana (Teacher) | Mrs S Marway (HLTA) |

### Absences

If your child is absent from school, please call the school in the morning to let the office staff know. We are required to have written information to say why a child is absent from school. You may email the school at info@khalsa.ealing.sch.uk or send in a written note with your child.

If your child can not go out to the playground for any reason, please provide a written note with your child to give to their class teacher.

### Year 5 & 6 children

We are encouraging year 5 & 6 children to be independent and learn to take responsibility for themselves.

In the morning, year 5 & 6 children will be allowed to come into the school building from 8.35am, and not have to line up. Similarly at home time, we will not be dismissing the children from the hall doors, but will allow them to go into the play area at the front of the school for you to collect.

If you would like to drop your child at the pedestrian gate in the morning and want them to walk to the gate by themselves at home -time, please send in a signed note with your child.

### After School Clubs

After school clubs will commence shortly. We will give you information about how you can put your child's name down for a club.

### School Lunches

We would like to remind all Reception, Year 1 & Year 2 parents that school lunches are free for the children in these year groups. If your child is currently having packed lunch, please encourage them to eat a school lunch which is freshly prepared and hot. **Please note that children in Year 3, 4, 5 & 6 still need to pay for school lunch as normal.**

### Milk & Fruit

Please note Years 1, 2, 3, 4, 5 & 6 do not receive free milk from school. If you would like your child to have milk during school time you will need to pay. Please collect a form from the school office and register your child with Cool Milk. Years 3, 4, 5 & 6 do not receive fruit. Please send a small container of fresh fruit with them daily.

### Change of Contact Details

It is essential the school has up to date information regarding children in case of an emergency. If there are any changes to your home address or contact details please notify the school office immediately. It is a mandatory requirement that you provide the school with the correct details for our records. Any change of details there after, it is parents' responsibility to contact the school office to update information.

### Dates for your diary

| Date | Event |
|---|---|
| Week beginning 14th September | Class meetings for parents |
| Friday 18th September | Jeans for Genes day |
| Wednesday 23rd September | Coffee Morning |
| Friday 25th September | Yr 6 - Guru Gobind Singh Ji - Mrs Sidhu's Class Assembly |
| Friday 2nd October | Yr 6 - Guru Tegh Bahadur Sahib Ji - Mrs Jatana's Class Assembly |
| Wednesday 23rd September | Phonics meeting for Reception parents |
| Wednesday 30th September | Numeracy meeting for Reception parents |
| Monday 5th October | Individual & Sibling School Photographs |
| Friday 9th October | Yr 5 - Guru HarKrishan Sahib Ji - Miss Badhan's Class Assembly |
| Friday 16th October | Yr 5 - Guru Har Rai Sahib Ji - Mr Wells's Class Assembly |
| Wednesday 14th October | "Open day" for Nursery & Reception NEW admissions 2015/16 |
| Tuesday 20th October | Class Photographs |
| Wednesday 21st October | Coffee Morning |
| Monday 26th October - Friday 30th October | Half Term |

### Thought of the week

***"New beginnings, new ideas, new energy"***

### ATTENDANCE

As always we like to improve our attendance levels. Classes with the best attendance each week will receive a certificate. So….do play your part in making sure that your child attends school regularly. If your child is absent, let us know on the day. Please try not to make appointments during school time.

### GOLDEN RULES

Always remember our golden rules:

- **We remember God**
- **We work hard**
- **We share and care**

Every week children will be awarded certificates for remembering the golden rules.



# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

ਵਾਲਿਓਮ ੭,
ਇਸ਼ੂ ੧

## ਹਫ਼ਤੇ ਦਾ ਅਰੰਭ: ੭ ਸਿਤੰਬਰ ੨੦੧੫




### ਸਕੂਲ ਦੇ ਨਵੇਂ ਸਾਲ ਵਿਚ ਜੀ ਆਇਆਂ ਨੂੰ!

ਮੈਨੂੰ ਇਹ ਕਹਿੰਦਿਆਂ ਬੜੀ ਖੁਸ਼ੀ ਹੋ ਰਹੀ ਹੈ ਕਿ ਪਤਝੜ ਦੀ ਟਰਮ ਬੜੀ ਚੰਗੀ ਤਰ੍ਹਾਂ ਅਰੰਭ ਹੋਈ ਹੈ।ਅਸੀਂ ਦੋ ਨਵੇਂ ਜਮਾਤੀ ਕਮਰੇ ਖੋਲੇ ਹਨ ਅਤੇ ਹੁਣ ਸਾਡੇ ਸਕੂਲ ਵਿਚ ਛੇਵੀਂ ਜਮਾਤ ਦੇ ਵਿਦਿਆਰਥੀ ਵੀ ਹਨ।ਖ਼ਾਲਸਾ ਪ੍ਰਾਇਮਰੀ ਸਕੂਲ ਵਿਚ ਹੁਣ ਸਾਡੇ ਕੋਲ 472 ਬੱਚੇ ਹਾਜ਼ਰੀ ਤੇ ਹਨ।ਇਸ ਸਾਲ ਸਾਡੇ ਸਕੂਲ ਵਿਚ ਆਏ ਸਾਰੇ ਨਵੇਂ ਅਧਿਆਪਿਕਾਂ ਅਤੇ ਬੱਚਿਆਂ ਦਾ ਅਸੀਂ ਸਵਾਗਤ ਕਰਦੇ ਹਾਂ।

### ਇਸ ਸਾਲ ਦੀਆਂ ਨਵੀਆਂ ਜਮਾਤਾਂ

| | | |
|---|---|---|
| **ਨਰਸਰੀ** | ਮਿਸਿਜ਼ ਧੀਰੀ (ਅਧਿਆਪਿਕਾ) | ਮਿਸਿਜ਼ ਰ ਗਾਂਧੀ ਅਤੇ ਮਿਸਿਜ਼ ਸ ਸਿੰਘ |
| **ਰਿਸੈਪਸ਼ਨ** | ਮਿਸ ਜ ਪਨੇਸਰ (ਅਧਿਆਪਿਕਾ) | ਮਿਸਿਜ਼ ਜ ਸੰਧੂ |
| **ਰਿਸੈਪਸ਼ਨ** | ਮਿਸ ਪ ਹੈਰਿਡ (ਅਧਿਆਪਿਕਾ) | ਰਿਸੈਪਸ਼ਨ ਮਿਸਿਜ਼ ਬ ਸਮਰਾ |
| **ਸਾਲ 1** | ਮਿਸ ਏ ਅਧਿਕਾਰੀ (ਅਧਿਆਪਿਕਾ) | ਮਿਸਿਜ਼ ਸ਼ਾਹ |
| **ਸਾਲ 1** | ਮਿਸ ਕੰਬੋਜ (ਅਧਿਆਪਿਕਾ) | ਮਿਸਿਜ਼ ਰ ਰ ਸਿੱਪਲ |
| **ਸਾਲ 2** | ਮਿਸ ਸ ਗਿੱਲ (ਅਧਿਆਪਿਕਾ) | ਮਿਸਿਜ਼ ਡ ਸੇਠੀ |
| **ਸਾਲ 2** | ਮਿਸਟਰ ਫੌਰਮੈਲਾ (ਅਧਿਆਪਕ) | ਮਿਸਿਜ਼ ਐਸ ਮੁਟੋ |
| **ਸਾਲ 3** | ਮਿਸਿਜ਼ ਪ ਕੌਰ (ਅਧਿਆਪਿਕਾ) | ਮਿਸਿਜ਼ ਅ ਸ਼ੈਟੀ |
| **ਸਾਲ 3** | ਮਿਸ ਨ ਕੈਰ (ਅਧਿਆਪਕਾ) | ਮਿਸਿਜ਼ ਲ ਢੱਟ |
| **ਸਾਲ 4** | ਮਿਸਿਜ਼ ਸ ਪਟੇਲ (ਅਧਿਆਪਿਕਾ) | ਮਿਸਿਜ਼ ਮ ਸਿੰਘ |
| **ਸਾਲ 4** | ਮਿਸ ਕ ਜਟਲਾ (ਅਧਿਆਪਿਕਾ) | ਮਿਸਿਜ਼ ਮ ਸਿੰਘ |
| **ਸਾਲ 5** | ਮਿਸਟਰ ਏ ਵੈਲਜ਼ (ਅਧਿਆਪਿਕ) | ਮਿਸਿਜ਼ ਜ ਰੋਜ਼ |
| **ਸਾਲ 5** | ਮਿਸ ਜੇ ਬੰਧਾਨ (ਅਧਿਆਪਿਕਾ) | ਮਿਸ ਸ ਸਿੱਧੂ |
| **ਸਾਲ 6** | ਮਿਸਿਜ਼ ਸ ਜਟਾਨਾ (ਅਧਿਆਪਿਕਾ) | ਮਿਸਿਜ਼ ਸ ਮਾਰਵੇ |
| **ਸਾਲ 6** | ਮਿਸ ਸ ਸਿੱਧੂ ( ਅਧਿਆਪਿਕਾ) | ਮਿਸ ਸ ਲੱਡਾ |

### ਗ਼ੈਰਹਾਜ਼ਰੀ

ਜੇਕਰ ਤੁਹਾਡਾ ਬੱਚਾ ਕਿਸੇ ਕਾਰਨ ਗ਼ੈਰਹਾਜ਼ਰ ਹੈ ਤਾਂ ਕਿਰਪਾ ਕਰਕੇ ਸਵੇਰੇ ਹੀ ਸਕੂਲ ਦਫ਼ਤਰ ਨੂੰ ਫੋਨ ਕਰਕੇ ਸੂਚਨਾ ਦੇਣੀ ਜੀ।ਸਾਨੂੰ ਲਿਖਤੀ ਰੂਪ ਵਿਚ ਜਾਣਕਾਰੀ ਹੋਣੀ ਲੋੜੀਂਦੀ ਹੈ ਕਿ ਬੱਚਾ ਸਕੂਲ ਵਿਚੋਂ ਕਿਉਂ ਗ਼ੈਰਹਾਜ਼ਰ ਹੈ।ਤੁਸੀਂ ਸਕੂਲ ਨੂੰ ਸਿਰਨਾਵੇਂ ਤੇ ਈ-ਮੇਲ ਕਰ ਸਕਦੇ ਹੋ, ਜਾਂ ਫਿਰ ਬੱਚੇ ਦੇ ਹੱਥ ਲਿਖਤੀ ਨੋਟ ਭੇਜ ਸਕਦੇ ਹੋ।

ਜੇਕਰ ਤੁਹਾਡਾ ਬੱਚਾ ਕਿਸੇ ਕਾਰਨ ਖੇਡ ਦੇ ਮੈਦਾਨ ਵਿਚ ਨਹੀਂ ਜਾ ਸਕਦਾ ਹੈ ਤਾਂ ਕਿਰਪਾ ਕਰਕੇ ਉਸਦੇ ਜਮਾਤੀ ਅਧਿਆਪਕ ਨੂੰ ਦੇਣ ਲਈ ਉਸਦੇ ਹੱਥ ਲਿਖਤੀ ਨੋਟ ਭੇਜਣਾ ਜੀ।

### 5ਜਵੀਂ ਅਤੇ ਛੇਵੀਂ ਜਮਾਤ ਦੇ ਬੱਚੇ

ਅਸੀਂ 5ਜਵੀਂ ਅਤੇ 6ਵੀਂ ਜਮਾਤ ਦੇ ਬੱਚਿਆਂ ਨੂੰ ਸੁਤੰਤਰ ਬਣਨ ਲਈ ਉਤਸਾਹਿਤ ਕਰਕਰ ਰਹੇ ਹਾਂ, ਤਾਂ ਜੋ ਉਹ ਆਪਣੇ ਆਪ ਦੀ ਜ਼ਿੰਮੇਦਾਰੀ ਲੈਣੀ ਸਿਖਣ।

ਸਵੇਰੇ 5ਜਵੀਂ ਅਤੇ 6ਵੀਂ ਜਮਾਤ ਦੇ ਬੱਚੇ 8.35 ਤੋਂ ਆਪਣੇ ਆਪ ਹੀ ਆਪਣੇ ਜਮਾਤੀ ਕਮਰਿਆਂ ਵਿਚ ਜਾ ਸਕਦੇ ਹਨ, ਉਨ੍ਹਾਂ ਨੂੰ ਕਤਾਰਾਂ ਬਣਾਉਣ ਦੀ ਲੋੜ ਨਹੀਂ ਹੈ।

ਇਸੇ ਤਰ੍ਹਾਂ ਸਕੂਲ ਦੀ ਛੁੱਟੀ ਸਮੇਂ ਇਹ ਬੱਚੇ ਹਾਲ ਦੇ ਦਰਵਾਜ਼ਿਆਂ ਤੱਕ ਨਹੀਂ ਲਿਆਂਦੇ ਜਾਣਗੇ, ਬਲਕਿ ਉਨ੍ਹਾਂ ਨੂੰ ਤੁਹਾਡੇ ਮਿਲਣ ਲਈ ਸਕੂਲ ਦੇ ਸਾਹਮਣੇ ਖੇਡ ਦੇ ਖੇਤਰ ਵਿਚ ਆਪਣੇ ਆਪ ਆਉਣ ਦਿੱਤਾ ਜਾਵੇਗਾ।

ਜੇਕਰ ਆਪ ਜੀ ਆਪਣੇ ਬੱਚੇ ਨੂੰ ਸਵੇਰੇ ਪੈਦਲ ਲਾਂਘੇ ਵਾਲੇ ਗੇਟ ਤੇ ਛਡਣਾ ਅਤੇ ਘਰ ਜਾਣ ਦੇ ਸਮੇਂ ਉਥੇ ਹੀ ਲੈ ਕੇ ਜਾਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਹੱਥ ਆਪਣੇ ਦਸਤਖ਼ਤਾਂ ਸਮੇਤ ਇਕ ਲਿਖਤੀ ਨੋਟ ਭੇਜਣਾ ਜੀ।

### ਸਕੂਲ ਬਾਅਦ ਦੇ ਕੱਲਬ

ਸਕੂਲ ਬਾਅਦ ਦੇ ਕੱਲਬ ਜਲਦੀ ਹੀ ਸ਼ੁਰੂ ਹੋਣਗੇ।ਅਸੀਂ ਆਪ ਜੀ ਨੂੰ ਇਹ ਜਾਣਕਾਰੀ ਦਿਆਂਗੇ ਕਿ ਆਪ ਜੀ ਆਪਣੇ ਬੱਚੇ ਦਾ ਨਾਮ ਕੱਲਬ ਲਈ ਕਿਵੇਂ ਦੇ ਸਕਦੇ ਹੋ।

### ਸਕੂਲੀ ਭੋਜਨ



ਅਸੀਂ ਰਿਸੈਪਸ਼ਨ, 1ਹਿਲੀ ਅਤੇ 2ਜੀ ਜਮਾਤਾਂ ਦੇ ਬੱਚਿਆਂ ਦੇ ਮਾਪਿਆਂ ਨੂੰ ਇਹ ਜਾਣਕਾਰੀ ਦੇਣਾ ਚਾਹੁੰਦੇ ਹਾਂ ਕਿ ਉਨ੍ਹਾਂ ਦੇ ਬੱਚਿਆਂ ਲਈ ਸਕੂਲੀ ਭੋਜਨ ਮੁਫ਼ਤ ਹੈ।ਜੇਕਰ ਇਸ ਵਕਤ ਆਪ ਜੀ ਦਾ ਬੱਚਾ ਘਰੋਂ ਲਿਆਂਦਾ ਭੋਜਨ ਛਕਦਾ ਹੈ ਤਾਂ ਉਸ ਨੂੰ ਉਤਸਾਹਿਤ ਕਰਨਾ ਕਿ ਉਹ ਸਕੂਲੀ ਭੋਜਨ ਛਕ ਕੇ ਦੇਖੇ ਜੋ ਕਿ ਤਾਜ਼ਾ ਬਣਿਆ ਹੁੰਦਾ ਹੈ ਅਤੇ ਗਰਮ ਵੀ ਹੁੰਦਾ ਹੈ।ਕਿਰਪਾ ਕਰਕੇ ਨੋਟ ਕਰਨਾ ਕਿ 3ਜੀ, 4ਥੀ, 5ਜਵੀਂ ਅਤੇ 6ਵੀਂ ਜਮਾਤਾਂ ਦੇ ਬੱਚਿਆਂ ਨੇ ਆਮ ਵਾਂਗ ਭੋਜਨ ਦੇ ਲਈ ਧਨ ਦੇਣਾ ਹੋਵੇਗਾ।

### ਦੁੱਧ ਅਤੇ ਫਲ

ਕਿਰਪਾ ਕਰਕੇ ਨੋਟ ਕਰਨਾ ਕਿ 1ਹਿਲੀ, 2ਜੀ, 3ਜੀ, 4ਥੀ, 5ਜਵੀਂ ਅਤੇ 6ਵੀਂ ਜਮਾਤਾਂ ਦੇ ਬੱਚਿਆਂ ਲਈ ਦੁੱਧ ਸਜੂਲ ਵਲੋਂ ਮੁਫ਼ਤ ਨਹੀਂ ਦਿੱਤਾ ਜਾਂਦਾ।ਜੇਕਰ ਥਾਪ ਜੀ ਚਾਹੁੰਦੇ ਜੋ ਕਿ ਆਪ ਜੀ ਦਾ ਬੱਚਾ ਸਕੂਲੀ ਦੁੱਧ ਸਕੂਲ ਦੇ ਸਮੇਂ ਦੌਰਾਨ ਪੀਵੇ ਤਾਂ ਆਪ ਜੀ ਨੂੰ ਇਸ ਲਈ ਧਨ ਦੇਣਾ ਹੋਵੇਗਾ।ਕਿਰਪਾ ਕਰਕੇ ਸਕੂਲ ਦਫ਼ਤਰ ਤੋਂ ਠੰਢੇ ਦੁੱਧ ਦੀ ਪ੍ਰਾਪਤੀ ਵਾਲਾ ਫਾਰਮ ਲੈ ਕੇ ਭਰਨਾ ਅਤੇ ਰਜਿਸਟਰ ਹੋਣਾ ਜੀ।3ਜੀ, 4ਥੀ, 5ਜਵੀਂ ਅਤੇ 6ਵੀਂ ਜਮਾਤਾਂ ਦੇ ਬੱਚਿਆਂ ਨੂੰ ਫਲ ਵੀ ਨਹੀਂ ਮਿਲਦਾ।ਕਿਰਪਾ ਕਰਕੇ ਉਨ੍ਹਾਂ ਨਾਲ ਸਕੂਲ ਰੋਜ਼ਾਨਾ ਇਕ ਤਾਜ਼ਾ ਫਲ ਜ਼ਰੂਰ ਭੇਜਣਾ।

### ਸੰਪਰਕ ਦੀ ਸੂਚਨਾ ਵਿਚ ਤਬਦੀਲੀ

ਕਿਸੇ ਸੰਕਟ ਦੀ ਸਥਿਤੀ ਵਿਚ ਸਕੂਲ ਲਈ ਇਹ ਜ਼ਰੂਰੀ ਹੈ ਕਿ ਸਕੂਲ ਕੋਲ ਬੱਚਿਆਂ ਦੇ ਬਾਰੇ ਵਿਚ ਸੰਪਰਕ ਦੀ ਸੂਚਨਾ ਤਾਜ਼ੀ ਹੋਵੇ।ਜੇਕਰ ਤੁਹਾਡੇ ਘਰ ਦੇ ਪਤੇ ਵਿਚ ਜਾਂ ਸੰਪਰਕ ਵਿਚ ਕੋਈ ਤਬਦੀਲੀ ਹੁੰਦੀ ਹੈ ਤਾਂ ਕਿਰਪਾ ਕਰਕੇ ਝੱਟ ਹੀ ਸਕੂਲ ਨੂੰ ਸੂਚਿਤ ਕਰਨਾ ਜੀ।ਇਹ ਸਕੂਲ ਦੀ ਲਾਜ਼ਮੀ ਲੋੜ ਹੈ ਕਿ ਉਸ ਨੂੰ ਮਾਪੇ ਸਕੂਲ ਦੇ ਰਿਕਾਰਡ ਲਈ ਤਾਜ਼ਾ ਸੰਪਰਕ ਜਾਣਕਾਰੀ ਪ੍ਰਦਾਨ ਕਰਨ।ਇਕ ਵਾਰ ਸਕੂਲ ਨੂੰ ਸੰਪਰਕ ਜਾਣਕਾਰੀ ਪ੍ਰਦਾਨ ਕਰਨ ਤੋਂ ਬਾਅਦ ਜੇਕਰ ਕੋਈ ਤਬਦੀਲੀ ਆਉਂਦੀ ਹੈ ਤਾਂ ਇਸ ਦੀ ਜਾਣਕਾਰੀ ਸਕੂਲ ਨੂੰ ਦੇਣਾ ਮਾਪਿਆਂ ਦੀ ਜ਼ਿੰਮੇਦਾਰੀ ਹੈ।

### ਤੁਹਾਡੀ ਡਾਇਰੀ ਲਈ ਤਾਰੀਖ਼ਾਂ




| ਤਾਰੀਖ਼ | ਵਿਸ਼ੇਸ਼ ਮੌਕਾ |
|---|---|
| ੧੪ ਸਿਤੰਬਰ ਤੋਂ ਅਰੰਭ ਹੁੰਦਾ ਹਫ਼ਤਾ | ਮਾਪਿਆਂ ਲਈ ਜਮਾਤੀ ਮੁਲਾਕਾਤਾਂ |
| ਸ਼ੁਕਰਵਾਰ ੧੮ ਸਿਤੰਬਰ | ਜੀਨਜ਼ ਫੌਰ ਜੀਨਜ਼ ਦਾ ਦਿਨ |
| ਬੁੱਧਵਾਰ ੨੩ ਸਿਤੰਬਰ | ਕਾਫੀ ਸਵੇਰ |
| ਸ਼ੁਕਰਵਾਰ ੨੫ ਸਿਤੰਬਰ | ੬ਵੀਂ -ਗੁਰੂ ਗੋਬਿੰਦ ਸਿੰਘ ਜੀ ਜਮਾਤ-ਮਿਸਿਜ਼ ਸਿੱਧੂ ਦੀ ਜਮਾਤ ਦੀ ਜਮਾਤੀ ਸਭਾ |
| ਸ਼ੁਕਰਵਾਰ ੨ ਅਕਤੂਬਰ | ੬ਵੀਂ -ਗੁਰੂ ਤੇਗ਼ ਬਹਾਦਰ ਜੀ ਜਮਾਤ-ਮਿਸਿਜ਼ ਜਟਾਨਾ ਦੀ ਜਮਾਤ ਦੀ ਜਮਾਤੀ ਸਭਾ |
| ਬੁੱਧਵਾਰ ੨੩ ਸਿਤੰਬਰ | ਰਿਸੈਪਸ਼ਨ ਦੇ ਬੱਚਿਆਂ ਦੇ ਮਾਪਿਆਂ ਲਈ ਧੁਨੀ ਵਿਗਿਆਨ ਬਾਰੇ ਮੁਲਾਕਾਤ |
| ਬੁੱਧਵਾਰ ੩੦ ਸਿਤੰਬਰ | ਰਿਸੈਪਸ਼ਨ ਦੇ ਬੱਚਿਆਂ ਦੇ ਮਾਪਿਆਂ ਲਈ ਗਣਿਤ ਬਾਰੇ ਮੁਲਾਕਾਤ |
| ਸੋਮਵਾਰ ੫ ਅਕਤੂਬਰ | ਇਕਲਿਆਂ ਅਤੇ ਭੈਣਾਂ ਭਰਾਵਾਂ ਦੀਆਂ ਇਕਠੀਆਂ ਤਸਵੀਰਾਂ |
| ਸ਼ੁਕਰਵਾਰ ੯ ਅਕਤੂਬਰ | ੫ਵੀਂ -ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਜਮਾਤ- ਮਿਸ ਬੰਧਣ ਦੀ ਜਮਾਤ ਦੀ ਜਮਾਤੀ ਸਭਾ |
| ਸ਼ੁਕਰਵਾਰ ੧੬ ਅਕਤੂਬਰ | ੫ਵੀਂ -ਗੁਰੂ ਹਰਿ ਰਾਏ ਸਾਹਿਬ ਜੀ ਜਮਾਤ- ਮਿਸਟਰ ਵੈੱਲ ਦੀ ਜਮਾਤ ਦੀ ਜਮਾਤੀ ਸਭਾ |
| ਬੁੱਧਵਾਰ ੧੪ ਅਕਤੂਬਰ | ਨਵੇਂ ਸਾਲ ੨੦੧੫/੨੦੧੬ ਲਈ ਨਰਸਰੀ ਅਤੇ ਰਿਸੈਪਸ਼ਨ ਲਈ "ਖੁਲ੍ਹਾ ਦਿਨ" |
| ਮੰਗਲਵਾਰ ੨੦ ਅਕਤੂਬਰ | ਜਮਾਤੀ ਤਸਵੀਰਾਂ |
| ਬੁੱਧਵਾਰ ੨੧ ਅਕਤੂਬਰ | ਕਾਫੀ ਸਵੇਰ |
| ਸੋਮਵਾਰ ੨੬ ਅਕਤੂਬਰ-ਸ਼ੁਕਰਵਾਰ ੩੦ ਅਕਤੂਬਰ | ਹਾਫ ਟਰਮ |

### ਇਸ ਹਫ਼ਤੇ ਦਾ ਵਿਚਾਰ

**"ਨਵਾਂ ਅਰੰਭ, ਨਵੇਂ ਖਿਆਲ, ਨਵੀਂ ਤਾਜ਼ਗੀ"**

### ਹਾਜ਼ਰੀ

ਹਮੇਸ਼ਾ ਵਾਂਗ ਇਸ ਵਾਰ ਵੀ ਅਸੀਂ ਹਾਜ਼ਰੀ ਵਿਚ ਵਾਧਾ ਕਰਨਾ ਚਾਹਾਂਗੇ।ਬਿਹਤਰੀਨ ਹਾਜ਼ਰੀ ਵਾਲੀ ਜਮਾਤ ਨੂੰ ਹਰ ਹਫ਼ਤੇ ਸਰਟੀਫਿਕੇਟ ਮਿਲੇਗਾ।ਸੋ..... ਆਪ ਜੀ ਯਤਨ ਕਰਨਾ ਕਿ ਆਪ ਜੀ ਆਪਣੇ ਬੱਚੇ ਨੂੰ ਰੋਜ਼ ਸਕੂਲ ਭੇਜਣ ਵਿਚ ਆਪਣਾ ਯੋਗਦਾਨ ਪਾਉਣਾ ਜੀ।ਜੇਕਰ ਆਪ ਜੀ ਦਾ ਬੱਚਾ ਕਿਸੇ ਕਾਰਨ ਗ਼ੈਰਹਾਜ਼ਰ ਹੈ ਤਾਂ ਕਿਰਪਾ ਕਰਕੇ ਉਸੇ ਦਿਨ ਸਾਨੂੰ ਸਕੂਲ ਵਿਚ ਸੂਚਿਤ ਕਰਨਾ ਜੀ।ਕਿਰਪਾ ਕਰਕੇ ਮੁਲਾਕਾਤਾਂ ਸਕੂਲ ਦੇ ਸਮੇਂ ਵਿਚ ਨਾ ਨਿਸਚਿਤ ਕਰਨਾ ਜੀ।

### ਸੁਨਿਹਰੀ ਅਸੂਲ

ਆਪਣੇ ਸੁਨਿਹਰੀ ਅਸੂਲ ਸਦਾ ਯਾਦ ਰਖਣਾ ਜੀ:

- **ਨਾਮ ਜਪਣਾ**
- **ਵੰਡ ਛਕਣਾ**
- **ਕਿਰਤ ਕਰਨੀ**

ਹਰ ਹਫ਼ਤੇ ਬਚਿਆਂ ਨੂੰ ਇਨ੍ਹਾਂ ਅਸੂਲਾਂ ਨੂੰ ਯਾਦ ਰਖਣ ਲਈ ਸਰਟੀਫਿਕੇਟ ਦਿੱਤੇ ਜਾਣਗੇ।



**Khalsa Primary School - Norwood Green Road, Southall, Middlesex, UB2 4LA.**
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk